# <u>Open Education Resources</u>

## ਜੀਨ ਪਿਆਜੇ ਦੀ ਭਾਸ਼ਾ ਗ੍ਰਹਿਣ ਸੰਬੰਧੀ ਧਾਰਨਾ

### ਭੂਮਿਕਾ

ਭਾਸ਼ਾ ਗ੍ਰਹਿਣ ਕਰਨ ਸੰਬੰਧੀ ਕਈ ਧਾਰਨਾਵਾਂ ਮਿਲਦੀਆਂ ਹਨ। ਜੀਵਨ ਦੇ ਪਹਿਲੇ ਸਾਲਾਂ ਵਿੱਚ ਮਨੁੱਖ ਭਾਸ਼ਾ ਨੂੰ ਆਪਣੇ ਪਰਿਵਾਰ ਅਤੇ ਸਮਾਜ ਤੋਜ਼ ਗ੍ਰਹਿਣ ਕਰਨਾ ਸ਼ੁਰੂ ਕਰ ਦਿੰਦਾ ਹੈ। ਉਸਦੇ ਗਿਆਨਾਤਮਿਕ ਵਿਕਾਸ ਦੀ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਹੋ ਜਾਂਦੀ ਹੈ। ਬਹੁਤ ਸਾਰੇ ਮਨੋਵਿਗਿਆਨੀਆਂ ਨੇ ਮਨੁੱਖੀ ਪ੍ਰਕਿਰਿਆ ਨੂੰ ਆਪਣੇ ਸਿਧਾਂਤਾਂ ਰਾਹੀਜ਼ ਦਰਸਾਉਣ ਦਾ ਯਤਨ ਕੀਤਾ ਹੈ ਪਰੰਤੂ ਇਹ ਇੱਕ ਇੰਨੀ ਪੇਚੀਦਾ ਪ੍ਰਕਿਰਿਆ ਹੈ ਕਿ ਇਸ ਨੂੰ ਅੱਜ ਤੱਕ ਕੋਈ ਨਹੀਜ਼ ਸਮਝ ਸਕਿਆ। ਇੱਥੇ ਅਸੀਜ਼ ਵਿਭਿੰਨ ਮਨੋਵਿਗਿਆਨੀਆਂ ਜਿਵੇਜ਼ ਜੀਨ ਪਿਆਜੇ, ਲੈਵ ਵਾਇਗੋਸਕੀ ਅਤੇ ਨੌਮ੍ਹੋਮਸਕੀ ਦੀ ਉਨ੍ਹਾਂ ਧਾਰਨਾਵਾਂ ਬਾਰੇ ਪੜ੍ਹਾਂਗੇ, ਜੋ ਉਨ੍ਹਾਂ ਨੇ ਭਾਸ਼ਾ ਸੰਬੰਧੀ ਦਿੱਤੀਆਂ ਹਨ।

### ਜੀਨ ਪਿਆਜੇ ਦੀਆਂ ਭਾਸ਼ਾ ਗ੍ਰਹਿਣ ਸੰਬੰਧੀ ਧਾਰਨਾਵਾਂ

ਜੀਨ ਪਿਆਜੇ ਇੱਕ ਸਵਿਸ ਮਨੋਵਿਗਿਆਨੀ ਸੀ ਜਿਸ ਨੇ ਬਾਲਪਨ ਤੋਜ਼ ਬਾਲਗ ਅਵਸਥਾ ਤੱਕ ਹੋ ਰਹੇ ਗਿਆਨਾਤਮਿਕ ਵਿਕਾਸ ਦੀ ਪ੍ਰਕਿਰਿਆ ਬਾਰੇ ਅਧਿਐਨ ਕੀਤਾ।

ਉਸ ਨੇ ਇਹ ਕੰਮ ਬੜੇ ਕ੍ਰਮਬੱਧ ਢੰਗ ਨਾਲ ਕੀਤਾ। ਗਿਆਨਾਤਮਿਕ ਵਿਕਾਸ ਦਾ ਭਾਵ ਅਜਿਹੀਆਂ ਕਿਰਿਆਵਾਂ ਤੋਜ਼ ਹੈ, ਜਿਨ੍ਹਾਂ ਵਿੱਚ ਚਿੰਤਨ, ਪ੍ਰਤੱਖੀਕਰਨ ਅਤੇ ਸਮੱਸਿਆ ਦੇ ਹੱਲ ਨਿਹਿਤ ਹਨ। ਇਹ ਗਿਆਨਾਤਮਿਕ ਕਿਰਿਆਵਾਂ ਹੀ ਬੌਧਿਕ ਕਿਰਿਆਵਾਂ ਕਹਾਉਜ਼ਦੀਆਂ ਹਨ। ਸੌਖੇ ਸ਼ਬਦਾਂ ਵਿੱਚ ਗਿਆਨਾਤਮਿਕ ਵਿਕਾਸ ਦਾ ਅਰਥ ਹ੍ਹੈ ਸਮਝਣ ਦੀ ਸ਼ਕਤੀ, ਸਿਮਰਤੀ,ਤਰਕਸ਼ਕਤੀ ਅਤੇ ਬੁੱਧੀ ਦਾ ਵਿਕਾਸ।

ਪਿਆਜੇ ਨੇ ਗਿਆਨਾਤਮਿਕ ਵਿਕਾਸ ਦੀ ਵਿਆਖਿਆ ਕਰਦੇ ਹੋਏ ਗਿਆਨ ਦੇ ਸੰਬੰਧ ਵਿੱਚ ਕਿਹਾ ਹੈ ਕਿ ਗਿਆਨ ਪ੍ਰਾਣੀ ਦਾ ਉਹ ਗਿਆਨ ਹੈ, ਜਿਸ ਨੂੰ ਉਹ ਵਾਤਾਵਰਨ ਦੇ ਸੰਪਰਕ ਵਿੱਚ ਆ ਕੇ ਪ੍ਰਾਪਤ ਕਰਦਾ ਹੈ ਅਤੇ ਇਸ ਵਿੱਚ ਅਨੇਕ ਮਾਨਸਿਕ ਪ੍ਰਕਿਰਿਆਵਾਂ ਜਿਵੇਜ਼ ਚਿੰਤਨ, ਪ੍ਰਤੱਖੀਕਰਨ, ਸਮੱਸਿਆ ਹੱਲ ਆਦਿ ਸ਼ਾਮਲ ਹੁੰਦੀਆਂ ਹਨ, ਜੋ ਨਿਰੰਤਰ ਰੂਪ ਵਿੱਚ ਚਲਦੀਆਂ ਰਹਿੰਦੀਆਂ ਹਨ।

ਜੀਨ ਪਿਆਜੇ ਦਾ ਸੰਬੰਧ ਗਿਆਨਵਾਦੀ ਸਕੂਲ ਨਾਲ ਸੀ। ਉਸ ਦੇ ਅਨੁਸਾਰ ਭਾਸ਼ਾ ੍ ਗ੍ਰਹਿਣਤਾ ਨੂੰ ਬੱਚੇ ਦੇ ਬੌਧਿਕ ਵਿਕਾਸ ਦੇ ਪ੍ਰਸੰਗ ਵਿੱਚ ਦੇਖਣਾ ਚਾਹੀਦਾ ਹੈ। ਭਾਸ਼ਾ ਗ੍ਰਹਿਣਤਾ ਸੰਬੰਧੀ ਜੀਨ ਪਿਆਜੇ ਦੀਆਂ ਧਾਰਨਾਵਾਂ ਨੂੰ ਹੇਠ ਲਿਖੇ ਅਨੁਸਾਰ ਪ੍ਰਸਤੁਤ ਕੀਤਾ ਜਾ ਸਕਦਾ ਹੈ ੍

## ਸੁਭਾਵਿਕ ਪ੍ਰਕਿਰਿਆ

ਪਿਆਜੇ ਦੇ ਅਨੁਸਾਰ ਬੱਚੇ ਸੁਭਾਵਿਕ ਤੌਰ 'ਤੇ ਗੱਲਬਾਤ ਕਰਨਾ ਸਿਖਦੇ ਹਨ। ਉਸ ਦੇ ਅਨੁਸਾਰ ਬੱਚੇ ਦੀ ਭਾਸ਼ਾ ਨਿੱਜ੍ਕੇਜ਼ਦਰਿਤ ਹੁੰਦੀ ਹੈ ਜਦੋਜ਼ਕਿ ਬਾਲਗਾਂ ਦੀ ਭਾਸ਼ਾ ਸਮਾਜੀਕ੍ਰਿਤ ਹੁੰਦੀ ਹੈ। ਪਿਆਜੇ ਨੇ ਤਿੰਨ ਪ੍ਰਕਾਰ ਦੀ ਨਿੱਜ੍ਕੇਜ਼ਦਰਿਤ ਗੱਲਬਾਤ ਨੂੰ ਹੇਠ ਲਿਖੇ ਢੰਗ ਨਾਲ ਵਖਰਾਇਆ ਹੈ੍

**ਈਚੋਟਾਲੀਆ**

ਆਪਣੇ ਜਾਂ ਕਿਸੇ ਦੀ ਗੱਲਬਾਤ ਨੂੰ ਦੁਹਰਾਉਣਾ।

**ਮਨੋਲੋਗ**

ਆਪਣੇ ਆਪ ਨਾਲ ਗੱਲ ਕਰਨੀ, ਖਾਸ ਤੌਰ 'ਤੇ ਆਪਣੇ ਵਿਚਾਰਾਂ ਨੂੰ ਉੱਚੀ ਬੋਲਣਾ।

**ਸਮੂਹਿਕ ਮਨੋਲੋਗ**

ਦੋ ਜਾਂ ਦੋ ਤੋਜ਼ ਜ਼ਿਆਦਾ ਬੱਚਿਆਂ ਨੂੂੰੰ ਗੱਲਬਾਤ ਵਿੱਚ ਰੁੱਝਿਆ ਪ੍ਰਤੀਤ ਕਰਨਾ, ਵਾਰੀ ਵਾਰੀ ਬੋਲਣਾ, ਨਿਸ਼ਚਿਤ ਢੰਗ ਨਾਲ ਬੋਲਣਾ ਅਤੇ ਸਾਵਧਾਨੀ ਨਾਲ ਸੁਣਨਾ।

**ਵਾਤਾਵਰਨ ਨਾਲ ਅੰਤਰਕਿਰਿਆ**

ਪਿਆਜੇ ਅਨੁਸਾਰ ਬੱਚੇ ਵਾਤਾਵਰਨ ਭਾਵ ਦੂਜੇ ਲੋਕਾਂ ਨਾਲ ਅੰਤਰਕਿਰਿਆ ਕਰਕੇ ਸਿੱਖਦੇ ਹਨ। ਉਹ ਸਕੀਮਾਂ ਦੇ ਸੰਜੋਗ ਦੁਆਰਾ ਭਾਸ਼ਾ ਦਾ ਨਿਰਮਾਣ ਕਰਦੇ ਹਨ। ਇਸ ਪ੍ਰਕਾਰ ਉਨ੍ਹਾਂ ਦੀ ਭਾਸ਼ਾ ਅਤੇ ਸ਼ਬਦ ਭੰਡਾਰ ਤਰੱਕੀ ਕਰਦਾ ਹੈ।

**ਭਾਸ਼ਾ ਵਿਕਾਸ ਅਤੇ ਬੌਧਿਕ ਵਿਕਾਸ ਵਿੱਚ ਸੰਬੰਧ**

ਜੀਨ ਪਿਆਜੇ ਲਈ ਭਾਸ਼ਾ ਗ੍ਰਹਿਣਤਾ ਇੱਕ ਗਿਆਨਾਤਮਿਕ ਅਤੇ ਇੱਕ ਤਰ੍ਹਾਂ ਦੀ ਸੰਵੇਗਾਤਮਕ ਪ੍ਰਕਿਰਿਆ ਹੈ ਜੋ ਮਨੁੱਖੀ ਵਿਕਾਸ ਦੀਆਂ ਅਵੱਸਥਾਵਾਂ ਅਨੁਸਾਰ ਚੱਲਦੀ ਹੈ। ਪਿਆਜੇ ਨੇ ਬੱਚੇ ਦੇ ਭਾਸ਼ਾ ਵਿਕਾਸ ਨੂੰ ਉਸ ਦੇ ਬੌਧਿਕ ਵਿਕਾਸ ਨਾਲ ਜੋੜਿਆ ਹੈ। ਜਦੋਜ਼ ਬੱਚਾ ਬੋਲਣਾ ਅਤੇ ਕੁਝ ਕਹਿਣਾ ਸਿੱਖਦਾ ਹੈ ਤਾਂ ਬੱਚੇ ਦੀ ਸੋਚਣ ਸ਼ਕਤੀਪੂਰਨ ਰੂਪ ਵਿੱਚ ਵਧੀ ਹੁੰਦੀ ਹੈ।

**ਚਿੰਨ੍ਹਾਂ ਨੂੰ ਜੋੜ੍ਹਤੋੜ ਕਰਨ ਦੀ ਯੋਗਤਾ**

ਪਿਆਜੇ ਭਾਸ਼ਾ ਨੂੰ ਬੱਚੇ ਦੀ ਚਿੰਨ੍ਹਾਂ ਅਤੇ ਪ੍ਰਤੀਕਾਂ ਨੂੰ ਜੋੜ੍ਹਤੋੜ ਕਰਨ ਦੀ ਯੋਗਤਾ ਦਾ ਵਿਕਾਸ ਮੰਨਦਾ ਹੈ। ਉਸ ਦੇ ਅਨੁਸਾਰ, ਇਹ ਯੋਗਤਾ ਬੱਚੇ ਵਿੱਚ ਵਿਕਾਸ ਦੀ ਅਵੱਸਥਾ ਸੰਵੇਦਨਾਤਮਿਕ ਗਾਮਿਕ ਅਵੱਸਥਾ ਦੇ ਅੰਤ ਤੱਕ ਪੈਦਾ ਹੋ ਜਾਂਦਾ ਹੈ।

**ਵਿਚਾਰ੍ ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨ ਦਾ ਢੰਗ**

ਜੀਨ ਪਿਆਜੇ ਨੇ ਇਹ ਸਿਧਾਂਤ ਦਿੱਤਾ ਹੈ ਕਿ ਭਾਸ਼ਾ ਸਿਰਫ਼ ਬੱਚੇ ਦੀ ਵਿਚਾਰ ਪ੍ਰਕਿਰਿਆ ਨੂੰ ਪ੍ਰਤੀਬਿੰਬਤ ਕਰਨ ਦਾ ਇੱਕ ਢੰਗ ਮਾਤਰ ਹੈ। ਭਾਸ'ਾ ਵਿਚਾਰਾਂ ਦੇ ਵਿਕਾਸ ਵਿੱਚ ਕੋਈ ਦੇਣ ਨਹੀਜ਼ ਦਿੰਦੀ।ਉਸ ਨੇ ਵਿਚਾਰ ਦਿੱਤਾ ਕਿ ਗਿਆਨਾਤਮਿਕ ਵਿਕਾਸ, ਭਾਸ਼ਾ ਵਿਕਾਸ ਨਾਲੋਜ਼ ਪਹਿਲਾਂ ਵਾਪਰਦਾ ਹੈ।

**ਭਾਸ਼ਾ ਗ੍ਰਹਿਣਤਾ ਦੀਆਂ ਚਾਰ ਅਵਸਥਾਵਾਂ**

ਜੀਨ ਪਿਆਜੇ ਦਾ ਵਿਸ਼ਵਾਸ ਸੀ ਕਿ ਸਾਰੇ ਬੱਚਿਆਂ ਵਿੱਚ ਭਾਸ਼ਾ ਗ੍ਰਹਿਣਤਾ ਦੀ ਪ੍ਰਗਤੀ ਚਾਰ ਵਿਭਿੰਨ ਅਵਸਥਾਵਾਂ ਵਿੱਚ ਇੱਕ ਕ੍ਰਮਬੱਧ ਢੰਗ ਨਾਲ ਹੁੰਦੀ ਹੈ। ਹਰੇਕ ਅਵੱਸਥਾ ਦਾ ਇੱਕ ਨਾਮ ਅਤੇ ਉਮਰ ਦੀ ਸੀਮਾ ਹੈ। ਇਨ੍ਹਾਂ ਚਾਰਾਂ ਅਵਸਥਾਵਾਂ ਦਾ ਵਰਨਣ ਇਸ ਪ੍ਰਕਾਰ ਹੈ੍

**ਸੰਵੇਗਾਤਮਿਕ ਗਾਮਿਕ ਅਵੱਸਥਾ**

ਇਸ ਅਵਸਥਾ ਦਾ ਸਮਾਂ ਜਨਮ ਤੋਜ਼ ਦੋ ਸਾਲ ਤੱਕ ਹੁੰਦਾ ਹੈ। ਬੱਚਿਆਂ ਵਿੱਚ ਜਨਮ ਤੋਜ਼ ਹੀ 'ਕਿਰਿਆਵੀ ਸਕੀਮਾਂ' ਮੌਜੂਦ ਹੁੰਦੀਆਂ ਹਨ ਜੋ ਸੰਸਾਰ ਬਾਰੇ ਸੂਚਨਾ ਦਾ 'ਸਾਤਮੀਕਰਨ' ਕਰਦਾ ਹੈ। ਇਸ ਸਮੇਜ਼ ਵਿੱਚ ਬੱਚੇ ਦੀ ਭਾਸ਼ਾ ਸਵੈ੍ਕੇਜ਼ਦਰਿਤ ਹੁੰਦੀ ਹੈ।

ਉਹ ਜਾਂ ਤਾਂ ਆਪਣੇ ਲਈ ਗੱਲ ਕਰਦੇ ਹਨ ਜਾਂ ਕਿਸੇ ਨਾਲ ਸੰਬੰਧਿਤ ਹੋਣ ਦੇ ਆਨੰਦ ਲਈ ਕਰਦੇ ਹਨ।

**ਪੂਰਵ੍ਓਪਰੇਸ਼ਨਲ ਅਵਸਥਾ**

ਇਸ ਅਵਸਥਾ ਦਾ ਸਮਾਂ ਦੋ ਤੋਜ਼ ਸੱਤ ਸਾਲ ਹੈ। ਇਸ ਉਮਰ ਵਿੱਚ ਬੱਚਿਆਂ ਦੀ ਭਾਸ਼ਾ ਤੇਜੀ ਨਾਲ ਪ੍ਰਗਤੀ ਕਰਦੀ ਹੈ ਅਤੇ ਉਨ੍ਹਾਂ ਦੀਆਂ ਮਾਨਸਿਕ ਸਕੀਮਾਂ ਉਨ੍ਹਾਂ ਨੂੰ ਨਵੇਜ਼ ਸ਼ਬਦ ਅਤੇ ਮੌਕਿਆਂ ਨੂੰ ਜਲਦੀ ਨਾਲ ਅਨੁਕੂਲਨ ਕਰਨ ਦੀ ਸਮਰੱਥਾ ਪ੍ਰਦਾਨ ਕਰਦੀਆਂ ਹਨ। ਇੱਥੇ ਬੱਚਿਆਂ ਦੀ ਭਾਸ਼ਾ ਸੰਕੇਤਕ ਬਣ ਜਾਂਦੀ ਹੈ।

**ਸਥੂਲ ਓਪਰੇਸ਼ਨਲ ਅਵਸਥਾ**

ਇਹ ਅਵੱਸਥਾ 7 ਤੋਜ਼ 11 ਸਾਲ ਤੱਕ ਰਹਿੰਦੀ ਹੈ। ਇਸ ਅਵਸਥਾ ਵਿੱਚ ਬੱਚਾ ਦੂਜੇ ਲੋਕਾਂ ਦੇ ਵਿਚਾਰਾਂ ਦੀ ਪਰਵਾਹ ਕਰਨ ਲੱਗਦਾ ਹੈ। ਉਹ ਭਾਸ਼ਾ ਵਿੱਚ ਵਾਸਤਵਿਕ ਅਤੇ ਸਥੂਲ ਵਸਤਾਂ ਬਾਰੇ ਸੋਚ ਸਕਦਾ ਹੈ ਪਰੰਤੂ ਉਹ ਸੂਖਮ ਸੰਕਲਪਾਂ ਨੂੰ ਨਹੀਜ਼ ਸਮਝ ਸਕਦਾ। ਇਸ ਅਵਸਥਾ ਵਿੱਚਉਹਵਸਤਾਂ ਨੂੰ ਅਨੇਕਾਂ ਲੱਛਣਾਂ ਅਨੁਸਾਰ ਵਰਗੀਕ੍ਰਿਤ ਕਰ ਸਕਦਾ ਹੈ। ਇਹ ਛੋਟੇ ਬੱਚਿਆਂ ਦੀ ਪ੍ਰਵਿਰਤੀ ਹੁੰਦੀ ਹੈ ਕਿ ਉਹ ਹਰ ਚੀਜ਼ ਜਿਸ ਵਿੱਚ ਬੇਜਾਨ ਵਸਤਾਂ ਵੀ ਸ਼ਾਮਲ ਹਨ, ਨੂੰ ਜਾਨਦਾਰ ਸਮਝਣ ਲੱਗ ਪੈਜ਼ਦੇ ਹਨ। ਭਾਸ਼ਾ ਨੂੰ

ਸਵੈਕੇਜ਼ਦਰਿਤ ਤਾਂ ਮੰਨਿਆ ਜਾਂਦਾ ਹੈ ਕਿਉਜ਼ਕਿ ਉਹ ਹਰੇਕ ਵਸਤੂ ਨੂੰ ਕੇਵਲ ਆਪਣੇ ਦ੍ਰਿਸ਼ਟੀਕੋਣ ਤੋਜ਼ ਦੇਖਦੇ ਹਨ।

**ਓਪਰੇਸ਼ਨਲ ਅਵੱਸਥਾ**

ਇਹ ਅਵਸਥਾ 11 ਸਾਲ ਤੋਜ਼ ਬਾਲਗ ਅਵੱਸਥਾ ਤੱਕ ਰਹਿੰਦੀ ਹੈ। ਇਸ ਅਵੱਸਥਾ ਵਿੱਚ ਬੱਚਿਆਂ ਦੀ ਭਾਸ਼ਾ ਵਿਚਾਰਸ਼ੀਲਤਾ, ਅਪਰਿਪੱਕਤਾ ਅਤੇ ਅਤਰਕਸ਼ੀਲਤਾ ਤੋਜ਼ ਤਰਕਸ਼ੀਲਤਾ ਵੱਲ ਵੱਧਦੀ ਦਿਖਾਈ ਦਿੰਦੀ ਹੈ। ਉਹ ਆਪਣੇ ਦ੍ਰਿਸ਼ਟੀਕੋਣ ਤੋਜ਼ ਬਾਹਰ ਵੀ ਚੀਜ਼ਾਂ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ। ਉਹ ਦੂਸਰਿਆਂ ਦੇ ਵਿਚਾਰ ਅਤੇ ਭਾਵਨਾਵਾਂਨੂੰ ਸਮਝਣ ਲੱਗ ਪੈਜ਼ਦੇ ਹਨ। ਇਸ ਥਾਂ 'ਤੇ ਪਹੁੰਚ ਕੇ ਬੱਚਿਆਂ ਦੀ ਭਾਸ਼ਾ ਸਮਾਜੀਕ੍ਰਿਤ ਹੋ ਜਾਂਦੀ ਹੈ ਅਤੇ ਉਸ ਵਿੱਚ ਪ੍ਰਸ਼ਨ੍ਉੱਤਰ, ਆਦੇਸ਼ ਅਤੇ ਅਲੋਚਨਾ ਆਦਿ ਗੱਲਾਂ ਸ਼ਾਮਲ ਹੋ ਜਾਂਦੀਆਂ ਹਨ।

ਡਾ. ਜਗਜੀਤ ਸਿੰਘ

ਸਹਾਇਕ ਪ੍ਰੋਫ਼ੈਸਰ, ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,

ਗੁਰੂਸਰ ਸਧਾਰ।